# ਪਾਠਕਾਂ ਦੇ ਨਾਂਅ

ਇਸ ਕਿਤਾਬ ਵਿਚ ''ਪ੍ਰਭੂ ਨਾਲ ਮੇਲ'' ਨਾਮਕ ਇਕ ਬਾਈਬਲ ਅਧਿਐਨ ਦੇ ਕਾਰਜਕ੍ਰਮ ਬਾਰੇ ਦੱਸਿਆ ਗਿਆ ਹੈ। ਇਹ ਮਸੀਹ ਦੇ ਜੀਵਨ ਦਾ ਸਾਲ ਭਰ ਵਿਚ ਕੀਤੇ ਜਾਣ ਵਾਲਾ ਅਧਿਐਨ ਹੈ।

''ਪ੍ਰਭੂ ਨਾਲ ਮੇਲ'' ਹਰ ਐਤਵਾਰ ਸਵੇਰੇ ਨੌਜਵਾਨਾਂ ਤੋਂ ਬਜ਼ੁਰਗਾਂ ਸਭ ਲਈ ਬਾਈਬਲ ਕਲਾਸ ਵਿਚ ਵਰਤੇ ਜਾਣ ਲਈ ਤਿਆਰ ਕੀਤਾ ਗਿਆ ਕਾਰਜਕ੍ਰਮ ਹੈ। ਇਹ ਐਤਵਾਰ ਸਵੇਰ ਦੀ ਬੰਦਗੀ ਵਿਚ ਦਿੱਤੇ ਜਾਣ ਵਾਲੇ ਸੰਦੇਸ਼ ਨਾਲ ਕਲਾਸਾਂ ਲਈ ਠੀਕ ਹੈ।

ਕਈ ਕਿਤਾਬਾਂ ਵਿੱਚੋਂ ਵੇਖਣ ਦੇ ਬਾਅਦ ਮੈਂ ਯਿਸੂ ਦੀ ਪੂਰਵ-ਹੋਂਦ ਤੋਂ ਉਹਦੇ ਸਵਰਗ ਤੇ ਉਠਾਏ ਜਾਣ ਦਾ ਅਧਿਐਨ ਕਰਨ ਲਈ ਸਿਲਸਿਲੇਵਾਰ ਢੰਗ ਵਰਤਣ ਦਾ ਫ਼ੈਸਲਾ ਕੀਤਾ। ਇਸ ਅਧਿਐਨ ਲਈ ਮੈਂ ਜੇ. ਡਬਲਯੂ. ਮੈਕਗਰਵੇ ਦੀ ਕਿਤਾਬ *ਦ ਫ਼ੋਰਫ਼ੋਲਡ ਗੌਸਪਲ* ਨੂੰ ਅਧਾਰ ਬਣਾਇਆ।[1] ਇਸ ਕਿਤਾਬ ਵਿਚ ਬਾਈਬਲ ਦੇ ਹਵਾਲਿਆਂ ਤੇ ਟਿੱਪਣੀਆਂ ਨਾਲ ਇੰਜੀਲ ਦੇ ਚਾਰੇ ਬਿਰਤਾਂਤ ਮਿਲਾਏ ਗਏ ਹਨ।

ਇੰਜੀਲ ਦੀਆਂ ਕਿਤਾਬਾਂ ਦੀ ਇਕਸੁਰਤਾ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੀ ਸਮੱਗਰੀ ਨੂੰ ਤਰਤੀਬਵਾਰ ਕਰਨ ਦੀ ਕੋਸ਼ਿਸ਼ ਹੈ। ਕੁਝ ਪਹਿਲੂਆਂ ਤੋਂ ਇਹ ਇਕ ਅਸੰਭਵ ਕੰਮ ਹੈ, ਕਿਉਂਕਿ ਇੰਜੀਲ ਦੀਆਂ ਚਾਰਾਂ ਕਿਤਾਬਾਂ ਦੇ ਲੇਖਕਾਂ ਦਾ ਮਕਸਦ ਯਿਸੂ ਦੀ ਤਰਤੀਬਬੱਧ ਜੀਵਨੀ ਪੇਸ਼ ਕਰਨਾ ਨਹੀਂ ਸਗੋਂ ਲੋਕਾਂ ਨੂੰ ਇਹ ਯਕੀਨ ਦੁਆਉਣ ਲਈ ਕਿ ਯਿਸੂ ਹੀ ਪ੍ਰਮੇਸ਼ਵਰ ਦਾ ਪੁੱਤਰ ਅਤੇ ਮੁਕਤੀ ਦੀ ਇੱਕੋ ਇਕ ਆਸ ਹੈ ਉਹਦੇ ਜੀਵਨ ਤੋਂ ਸਮੱਗਰੀ ਤਿਆਰ ਕਰਨਾ ਸੀ। ਕਿਸੇ ਵੀ ਇਕਸੁਰਤਾ ਵਿਚ 100 ਪ੍ਰਤੀਸ਼ਤ ਸੰਪੂਰਣਤਾ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਪਰ *ਦ ਫ਼ੋਰਫ਼ੋਲਡ ਗੌਸਪਲ* ਵਿਚ ਇੰਜੀਲ ਦੇ ਇਹਨਾਂ ਬਿਰਤਾਂਤਾਂ ਦੀ ਇਕਸੁਰਤਾ ਕਾਇਮ ਕਰਨ ਲਈ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ ਅਤੇ ਇਸ ਵਿਚ ਸ਼ਾਨਦਾਰ ਟਿੱਪਣੀਆਂ ਹਨ।

ਅਜਿਹੇ ਪ੍ਰੋਗਰਾਮ ਦਾ ਮੁੱਖ ਉਦੇਸ਼ ਬਾਈਬਲ ਪੜ੍ਹਨ ਅਤੇ ਇਸ ਦਾ ਵਿਅਕਤੀਗਤ ਅਧਿਐਨ ਕਰਨ ਲਈ ਹੌਸਲਾ ਅਫ਼ਜ਼ਾਈ ਕਰਨਾ ਹੁੰਦਾ ਹੈ। ਬਾਈਬਲ ਪੜ੍ਹਨ ਅਤੇ ਅਧਿਐਨ ਕਰਨ ਦੀ ਸਮੇਂ-ਸਾਰਣੀ ਬਣਾਉਣ ਲਈ ਮੈਂ ਮਸੀਹ ਦੇ ਜੀਵਨ ਦੀ ਰੂਪ-ਰੇਖਾ ਤਿਆਰ ਕਰਨ ਲਈ, ਥੋੜੇ ਬਹੁਤ ਬਦਲਾਅ ਕਰ ਕੇ *ਦ ਫ਼ੋਰਫ਼ੋਲਡ ਗੌਸਪਲ* ਦੇ ਸਿਰਲੇਖਾਂ 'ਚੋਂ ਹੀ ਲਿਆ। ਫਿਰ ਮੈਂ ਆਇਤਾਂ ਦੀ ਵੰਡ ਇਸ ਤਰ੍ਹਾਂ ਕੀਤੀ ਕਿ ਹਰ ਹਫ਼ਤੇ ਵਿਚ ਪੜ੍ਹਨ ਲਈ ਦਿੱਤੇ ਹਵਾਲਿਆਂ (ਅਸਾਈਨਮੈਂਟਸ) ਵਿਚ ਸ਼ਾਮਲ ਹੋਣ ਲਈ ਓਨੀਆਂ ਕੁ ਆਇਤਾਂ ਹੋਣ। ਅਧਿਐਨ ਦੀ ਇਸ ਸਮੇਂ-ਸਾਰਣੀ ਜਾਂ ਟਾਈਮਟੇਬਲ ਦੀ ਇਕ ਨਕਲ ਇਸ ਕਿਤਾਬ ਵਿਚ ਪਿੱਛੇ ਦਿੱਤੀ ਗਈ ਹੈ।

ਸਮਾਂ ਕੱਢ ਕੇ ਇਸ ਸਮੇਂ ਸਾਰਣੀ ਨੂੰ ਵੇਖੋ। ਇਸ ਵਿਚ ਸਿਰਫ਼ ਅਠਤਾਲੀ ਹਫ਼ਤੇ ਸ਼ਾਮਲ

ਕੀਤੇ ਗਏ ਹਨ। ਚਾਰ ਹਫ਼ਤੇ ਇੰਜੀਲ ਦੀਆਂ ਸਭਾਵਾਂ ਅਤੇ ਮਹਿਮਾਨ ਬੁਲਾਰਿਆਂ ਨੂੰ ਦੇਣ ਲਈ ਛੱਡੇ ਗਏ ਹਨ। ਨਾਲੇ ਕਈ ਵਾਰ, ਕੋਈ ਵਿਸ਼ੇਸ਼ ਵਿਸ਼ਾ ਹੁੰਦਾ ਹੈ ਉਸ ਦੌਰਾਨ ਕੋਈ ਨਵਾਂ ਬਾਈਬਲ ਪਾਠ ਨਹੀਂ। ਸੈਂਟਰਲ ਚਰਚ ਦੇ ਐਲਡਰਾਂ ਨੇ ਇਸੇ ਤਰ੍ਹਾਂ ਤਰਤੀਬ ਦੇਣ ਦੀ ਅਰਜ਼ ਕੀਤੀ ਸੀ ਤਾਂ ਜੋ ਮਸੀਹ ਦੇ ਜੀਵਨ ਦੇ ਅਧਿਐਨ ਵਿਚ ਰੁਕਾਵਟ ਪਾਏ ਬਗੈਰ ਦੂਸਰੇ ਵਿਸ਼ਿਆਂ ਤੇ ਵੀ ਚਰਚਾ ਕੀਤੀ ਜਾ ਸਕੇ। ਦਿੱਤੇ ਗਏ ਵਿਸ਼ੇ ਇਕ ਜਾਂ ਦੋ ਹਫ਼ਤੇ ਪਹਿਲਾਂ ਜਾਂ ਬਾਅਦ ਦਿੱਤੇ ਗਏ ਬਾਈਬਲ ਦੇ ਹਵਾਲਿਆਂ ਨਾਲ ਸਬੰਧਿਤ ਯਾਨੀ ਮੁਖ਼ਤਿਆਰ (ਸਟੀਵਰਡਸ਼ਿਪ) ਹੋਣ ਦੇ ਆਮ ਵਿਸ਼ੇ ਤੇ ਹਨ। ਕਦੇ-ਕਦੇ, ਐਲਡਰ ਇਹਨਾਂ ਐਲਾਨੇ ਗਏ ਅਧਿਐਨਾਂ ਦੇ ਨਾਲ ਬਾਈਬਲ ਪੜ੍ਹਾਉਣ ਵਾਲਿਆਂ ਨੂੰ ਹੋਰ ਵਿਸ਼ਿਆਂ ਬਾਰੇ ਵੀ ਦੱਸਦੇ ਸਨ। ਇਹਨਾਂ ਵਿਸ਼ੇਸ਼ ਹਫ਼ਤਿਆਂ ਦੌਰਾਨ, ਬਾਈਬਲ ਅਧਿਐਨ ਕਰਨ ਲਈ ਆਉਣ ਵਾਲਿਆਂ ਨੂੰ ਦੱਸਿਆ ਗਿਆ ਸੀ ਕਿ ਜੇ ਉਹ ਪਿੱਛੇ ਰਹਿ ਜਾਂਦੇ ਹਨ ਤਾਂ ਉਸ ਹਫ਼ਤੇ ਦੇ ਬਾਈਬਲ ਦੇ ਹਵਾਲੇ ਯਾਨੀ ਅਸਾਈਨਮੈਂਟ ਪੜ੍ਹ ਲੈਣ। ਆਪਣੀ ਅਧਿਐਨ ਸਮੱਗਰੀ ਨੂੰ ਤਿਆਰ ਕਰਨ ਲਈ ਤੁਹਾਨੂੰ ਇਹਨਾਂ ਵਿਸ਼ੇਸ਼ ਹਫ਼ਤਿਆਂ ਨੂੰ ਅਲਹਿਦਾ ਰੱਖ ਕੇ ਪੂਰੇ ਅਠਤਾਲੀ ਹਫ਼ਤਿਆਂ ਵਿਚ ਇਸ ਬਾਈਬਲ ਪਾਠ ਨੂੰ ਪੂਰਾ ਪੜ੍ਹਨ ਲਈ ਮੁੜ ਤੋਂ ਵੰਡ ਕਰਨੀ ਪਵੇਗੀ।

ਅਧਿਐਨ ਦੀ ਰੂਪਰੇਖਾ ਤੇ ਇਕ ਹੋਰ ਸੁਝਾਅ: ਅਠੱਤੀ ਅਤੇ ਉਨਤਾਲੀ ਹਫ਼ਤਿਆਂ ਲਈ ਬਾਈਬਲ ਦੇ ਹਵਾਲਿਆਂ ਨੂੰ ਮਿਲਾ ਦਿੱਤਾ ਗਿਆ ਹੈ। ਇਹ ਮੈਂ ਇਸ ਕਰਕੇ ਕੀਤਾ ਕਿਉਂਕਿ ਮੈਨੂੰ ਬਾਈਬਲ ਦੇ ਹਵਾਲੇ ਦੇ ਇਸ ਭਾਗ ਵਿਚ ਵੰਡਣ ਵਾਲੀ ਕੋਈ ਚੰਗੀ ਜਗ੍ਹਾ ਨਹੀਂ ਮਿਲੀ। ਸਾਡੇ ਪੜ੍ਹਾਉਣ ਵਾਲਿਆਂ ਨੂੰ ਇਕ ਹਫ਼ਤੇ ਵਿਚ ਅੱਧਾ ਕੁ ਅਤੇ ਅਗਲੇ ਹਫ਼ਤੇ ਵਿਚ ਬਾਕੀ ਹਿੱਸਾ ਪੂਰਾ ਕਰਨ ਲਈ ਕਿਹਾ ਗਿਆ।

ਵਿਅਕਤੀਗਤ ਬਾਈਬਲ ਅਧਿਐਨ ਨੂੰ ਉਤਸ਼ਾਹਿਤ ਕਰਨ ਲਈ, ਮੇਰੀਆਂ ਤਿਆਰ ਕੀਤੀਆਂ ਵਰਕ-ਸ਼ੀਟਾਂ ਇਸ ਅਧਿਐਨ ਲਈ ਵਰਤਣ ਵਾਸਤੇ ਵਿਦਿਆਰਥੀਆਂ ਨੂੰ ਨਕਲਾਂ ਕਰਾ ਕੇ ਦਿੱਤੀਆਂ ਗਈਆਂ। ਇਹਨਾਂ ਸ਼ੀਟਾਂ ਤੇ ਇਹ ਸਿਰਲੇਖ ਦਿੱਤੇ ਗਏ: (1) ''**ਬਾਈਬਲ ਦਾ ਹਵਾਲਾ**: ਉਹ ਹਵਾਲੇ ਜਿਹੜੇ ਮੈਂ ਇਸ ਹਫ਼ਤੇ ਪੜ੍ਹਨੇ ਹਨ''; (2) ''**ਸਵਾਲ**: ਇਹਨਾਂ ਹਵਾਲਿਆਂ ਵਿੱਚੋਂ ਜਿਹੜੀ ਗੱਲ ਮੈਨੂੰ ਸਮਝ ਨਹੀਂ ਆਈ''; (3) ''**'ਪ੍ਰਭੂ ਨਾਲ ਭੇਂਟ ਨੂੰ ਪੜ੍ਹਨ ਤੋਂ ਮੈਨੂੰ ਕਿਵੇਂ ਮਦਦ ਮਿਲੀ**: ਇਹਨਾਂ ਆਇਤਾਂ ਤੋਂ ਮੈਨੂੰ ਪ੍ਰਭੂ ਬਾਰੇ ਕੀ ਸਿੱਖਿਆ ਮਿਲੀ,'' ਅਤੇ (4) ''**ਇਸ ਨੂੰ ਲਾਗੂ ਕਰਨਾ**: ਪ੍ਰਭੂ ਵਰਗਾ ਹੋਰ ਬਣਨ ਲਈ ਜਿਹੜੀ ਗੱਲ ਮੈਨੂੰ ਕਰਨੀ ਜ਼ਰੂਰੀ ਹੈ (ਇਹਨਾਂ ਆਇਤਾਂ ਵਿਚ ਸਿਖਾਏ ਅਨੁਸਾਰ)।'' ਹਰ ਸਿਰਲੇਖ ਦੇ ਬਾਅਦ ਵਿਦਿਆਰਥੀ ਦੇ ਲਿਖਣ ਲਈ ਕੁਝ ਖਾਲੀ ਥਾਂਵਾਂ ਸਨ। ਸਭ ਨੂੰ ਇਹ ਹਵਾਲੇ ਪੜ੍ਹਨ ਅਤੇ ਇਹਨਾਂ ਤੇ ਵਿਚਾਰ ਕਰਨ, ਸ਼ੀਟਾਂ ਨੂੰ ਭਰਨ ਅਤੇ ਕਲਾਸ ਵਿਚ ਵਾਪਸ ਲਿਆਉਣ ਲਈ ਕਿਹਾ ਗਿਆ। (ਪਰਿਵਾਰਾਂ ਨੂੰ ਬਾਈਬਲ ਦੇ ਇਹ ਹਵਾਲੇ ਆਪਣੀ ਰੋਜ਼ਾਨਾ ਪ੍ਰਾਰਥਨਾ ਵਿਚ ਸ਼ਾਮਲ ਕਰਨ ਅਤੇ ਮਿਲਕੇ ਸ਼ੀਟਾਂ ਭਰਨ ਲਈ ਕਿਹਾ ਗਿਆ।)

ਇਕ-ਇਕ ਆਇਤ ਕਰਕੇ ਸਮਝਾਉਣ ਵਾਸਤੇ ਕਾਫ਼ੀ ਸਮੱਗਰੀ ਸੀ। ਇਸ ਲਈ ਮੈਂ ਸੁਝਾਅ ਦਿੱਤਾ ਕਿ ਹਰ ਹਫ਼ਤੇ ਉਹ ਜਲਦੀ ਨਾਲ ਸਮੱਗਰੀ ਦੀ *ਸਮੀਖਿਆ* ਕਰਨ, ਫਿਰ ਦਿੱਤੇ ਗਏ ਬਾਈਬਲ ਦੇ ਹਵਾਲੇ ਵਿੱਚੋਂ *ਕੁਝ* ਆਇਤਾਂ ਚੁਣਨ ਲਈ ਸਮਾਂ ਦੇਣ। ਜਵਾਨਾਂ ਦੀ ਕਲਾਸ ਵਿਚ ਮੈਂ ਆਮ ਤੌਰ ਤੇ ਅਧਿਐਨ ਸ਼ੀਟਾਂ ਤੇ ਲਿਖੀਆਂ ਗੱਲਾਂ ਅਤੇ ਸਵਾਲ ਪੁੱਛਣ ਦਾ ਮੌਕਾ ਦਿੰਦਾ ਸੀ। ਇਸ ਨਾਲ ਅਕਸਰ ਚੰਗੀ ਚਰਚਾ ਹੋ ਜਾਂਦੀ ਜਿਸ ਕਾਰਣ ਕਲਾਸ ਦਾ

ਜ਼ਿਆਦਾਤਰ ਜਾਂ ਸਾਰਾ ਸਮਾਂ ਬਤੀਤ ਹੋ ਜਾਂਦਾ।

ਐਤਵਾਰ ਸਵੇਰ ਦੀ ਬੰਦਗੀ ਦੇ ਮੇਰੇ ਸੰਦੇਸ਼ ਹਰ ਹਫ਼ਤੇ ਦਿੱਤੇ ਗਏ ਬਾਈਬਲ ਦੇ ਹਵਾਲਿਆਂ ਤੇ ਅਧਾਰਤ ਹੁੰਦੇ ਸਨ। ਆਮ ਤੌਰ ਤੇ ਐਤਵਾਰ ਸ਼ਾਮ ਦੀ ਬੰਦਗੀ ਦੇ ਮੇਰੇ ਸੰਦੇਸ਼ ਵੀ (ਕਈ ਵਾਰ ਐਤਵਾਰ ਸ਼ਾਮ ਦਾ ਸੰਦੇਸ਼ ਐਤਵਾਰ ਸਵੇਰ ਦੇ ਸੰਦੇਸ਼ ਦਾ ਅਗਲਾ ਭਾਗ ਹੁੰਦਾ)। ਬੁੱਧਵਾਰ ਸ਼ਾਮ ਦੀਆਂ ਕਈ ਬਾਈਬਲ ਕਲਾਸਾਂ ਵੀ ਸਾਡੇ ਸਾਲ ਭਰ ਚੱਲਣ ਵਾਲੇ ਕਾਰਜਕ੍ਰਮ ਦੇ ਅਧਾਰ ਤੇ ਹੁੰਦੀਆਂ। ਉਦਾਹਰਣ ਲਈ, ਇਕ ਬੁੱਧਵਾਰ ਪਹਾੜੀ ਉਪਦੇਸ਼ ਦਾ ਅਧਿਐਨ ਕੀਤਾ ਗਿਆ ਇਕ ਹੋਰ ਕਲਾਸ ਵਿਚ ਕਿਸੇ ਹੋਰ ਨੇ ਹਰ ਬੁੱਧਵਾਰ ਸ਼ਾਮ ਯਿਸੂ ਦੇ ਇਕ ਦ੍ਰਿਸ਼ਟਾਂਤ ਤੇ ਬੋਲਿਆ।

ਕਲੀਸੀਆ ਦੀਆਂ ਵੱਡੀਆਂ ਲੋੜਾਂ ਵਿੱਚੋਂ ਇਕ ਸਾਡੇ ਵਿੱਚੋਂ ਹਰ ਕਿਸੇ ਦਾ ਯਿਸੂ ਵਰਗੇ ਬਣਨ ਵਿਚ ਹੋਰ ਵਧਣਾ ਹੈ। ਉਹਦੇ ਜੀਵਨ ਦਾ ਸਾਲ ਭਰ ਦਾ ਅਧਿਐਨ ਘੱਟੋ ਘੱਟ ਇਕ ਸ਼ੁਰੂਆਤ ਤਾਂ ਹੈ।

ਤੁਸੀਂ ਇਸ ਵਿਸ਼ੇਸ਼ ਤਰਤੀਬ ਦੀ ਵਰਤੋਂ ਇਸ ਤਰ੍ਹਾਂ ਕਰਦੇ ਹੋ ਜਾਂ ਨਹੀਂ, ਪਰ ਮੈਨੂੰ ਉਮੀਦ ਹੈ ਕਿ ਇਸ ਕਿਤਾਬ ਨਾਲ ਤੁਹਾਨੂੰ ''ਪ੍ਰਭੂ ਨਾਲ ਮੇਲ'' ਕਰਨ ਵਿਚ ਮਦਦ ਜ਼ਰੂਰ ਮਿਲੇਗੀ ਅਤੇ ਤੁਹਾਡੀ ਬਾਈਬਲ ਕਲਾਸ ਅਤੇ ਵਚਨ ਸੁਣਾਉਣ ਦੇ ਰਾਹੀਂ ਹੋਰਨਾਂ ਨੂੰ ਉਹਨੂੰ ''ਮਿਲਾਉਣ'' ਲਈ ਦਲੇਰੀ ਮਿਲੇਗੀ। ਜੇ ਇਸ ਕਿਤਾਬ ਨਾਲ ਤੁਹਾਡਾ ਫ਼ਾਇਦਾ ਹੋਇਆ ਹੈ ਤਾਂ ਸਾਨੂੰ ਜ਼ਰੂਰ ਲਿਖੋ।

---

ਟਿੱਪਣੀ

[1]ਜੇ. ਡਬਲਯੂ. ਮੈਕਗਰਵੇ ਅਤੇ ਫਿਲਿਪ ਵਾਈ. ਪੈਂਡਲਟਨ, ਦ ਫ਼ੋਰਫ਼ੋਲਡ ਗੌਸਪਲ (ਸਿੰਸਿਨਟੀ, ਉਹਾਇਓ: ਦ ਸਟੈਂਡਰਡ ਪਬਲਿਸ਼ਿੰਗ ਕੰ., ਮਿਤੀ ਰਹਿਤ)।